ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ. ਆਫਿਸ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001

ਅੰਦਰੂਨੀ ਵਰਤੋਂ ਲਈ

# ਖ਼ਬਰਨਾਮਾ

1st Issue : January 2014

**ਦ੍ਰਿਸ਼ਟੀ 2020**

"ਇੱਕ ਸੰਵੇਦਨਸ਼ੀਲ, ਜੀਵੰਤ, ਭਰੋਸੇਯੋਗ ਅਤੇ ਕੁਸ਼ਲ ਸੰਸਥਾ ਹੋਣਾ"

## ਮਾਨਯੋਗ ਸੀ.ਐਮ.ਡੀ. ਸਾਹਿਬ ਵਲੋਂ ਸੁਨੇਹਾ



ਪੀ.ਐਸ.ਟੀ.ਸੀ.ਐਲ. ਵੱਲੋਂ ਜਾਰੀ ਕੀਤੇ ਜਾ ਰਹੇ ਪਹਿਲੇ ਖ਼ਬਰਨਾਮਾ ਦੇ ਰਿਲੀਜ਼ ਕਰਨ ਦੇ ਮੌਕੇ ਤੇ ਮੈਂ ਕੁਝ ਸ਼ਬਦਾਂ ਰਾਹੀਂ ਆਪਣੀ ਭਾਵਨਾ ਪ੍ਰਗਟ ਕਰਨ ਵਿੱਚ ਖੁਸ਼ੀ ਮਹਿਸੂਸ ਕਰਦਾ ਹਾਂ। ਪੀ.ਐਸ.ਟੀ.ਸੀ.ਐਲ. ਵੱਲੋਂ ਇਸ ਤਿਮਾਹੀ ਖ਼ਬਰਨਾਮਾ ਵਿੱਚ ਕਾਰਪੋਰੇਸ਼ਨ ਦੇ ਸਾਰੇ ਦਫਤਰਾਂ/ਕਰਮਚਾਰੀਆਂ ਸਬੰਧੀ ਮਹੱਤਵਪੂਰਨ ਘਟਨਾਵਾਂ/ਸਰਗਰਮੀਆਂ ਦੀ ਜਾਣਕਾਰੀ ਸੰਕਲਿਤ ਕੀਤੀ ਗਈ ਹੈ। ਅਜਿਹੀ ਪਹਿਲ-ਕਦਮੀ ਨਾਲ ਸਾਨੂੰ ਆਪਣੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਦਾ ਅਹਿਸਾਸ ਹੋਵੇਗਾ।

ਪੀ.ਐਸ.ਟੀ.ਸੀ.ਐਲ. ਨੇ ਹੋਂਦ ਵਿੱਚ ਆਉਣ ਤੋਂ ਬਾਅਦ, ਆਪਣੀਆਂ ਯੋਜਨਾਵਾਂ ਅਤੇ ਟਰਾਂਸਮਿਸ਼ਨ ਪ੍ਰੋਜੈਕਟਾਂ ਨੂੰ ਲਾਗੂ ਕਰਨ ਦੇ ਪ੍ਰੋਗਰਾਮ ਅਤੇ ਵਧੀਆ ਕਾਰੋਬਾਰ ਨੂੰ ਅਮਲ ਵਿੱਚ ਲਿਆਉਣ ਦਾ ਟੀਚਾ ਪੂਰਾ ਕੀਤਾ ਹੈ। ਅਸੀਂ ਲੋਡ ਕੇਦਰਾਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਲਈ ਪਰਿਆਪਤ ਸਮਰੱਥਾ ਜੋੜਨ ਦੇ ਯੋਗ ਹੋਏ ਹਾਂ। 220 ਕੇ.ਵੀ. ਸਿਸਟਮ ਨਾਲ ਸਬੰਧਿਤ 400 ਕੇ.ਵੀ. ਮੁੱਖ ਰਿੰਗ ਸਿਸਟਮ ਦੇ ਚਲਾਉਣ ਨਾਲ ਰਾਜ ਦੇ ਊਰਜਾ ਟਰਾਂਸਮਿਸ਼ਨ ਦਾ ਨਕਸ਼ਾ ਹੀ ਬਦਲ ਗਿਆ ਹੈ। ਕਰਮਚਾਰੀਆਂ ਦੀ ਅਣਥੱਕ ਮਿਹਨਤ ਅਤੇ ਯਤਨਾਂ ਸਦਕਾ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕਾਫੀ ਤਸੱਲੀਬਖਸ਼ ਰਹੀ ਹੈ, ਭਾਵੇਂ ਕਿ ਅਜੇ ਕਾਰਪੋਰੇਸ਼ਨ ਨੂੰ ਹੋਰ ਵੀ ਕੁਸ਼ਲ ਉਪਯੋਗ ਬਣਾਉਣਾ ਬਾਕੀ ਹੈ।

ਮੈਂ ਪੀ.ਐਸ.ਟੀ.ਸੀ.ਐਲ. ਦੇ ਸਮੂਹ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਵੇਂ ਸਾਲ ਦੀਆਂ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਉਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।



ਇੰਜੀ: ਰਵਿੰਦਰ ਸਿੰਘ ਡਾਇਰੈਕਟਰ/ਤਕਨੀਕੀ ਦਾ ਵਿਦਾਇਗੀ ਸਮਾਰੋਹ-7 ਨਵੰਬਰ, 2013

## ਪੀ.ਐਸ.ਟੀ.ਸੀ.ਐਲ. ਦੇ ਹੋਂਦ ਵਿੱਚ ਆਉਣ ਤੋਂ ਬਾਅਦ ਦੀਆਂ ਪ੍ਰਾਪਤੀਆਂ (16.4.2010 ਤੋਂ 31.12.2013)

| Sr. No. | Description | | 16-04-2010 | 31-12-2013 | Net Progress |
|---|---|---|---|---|---|
| 1. | SUB STATIONS ENDING THE YEAR (Nos.) | | | | |
| | a. 400 KV | | -- | 02 | 02 |
| | b. 220 KV | | 53 | 82 | 29 |
| | c. 132 KV | | 81 | 82 | 01 |
| 2. | CAPACITY (TRANSFORMERS) | | | | |
| | a. 400 KV | MVA | -- | 1630 | 1630 |
| | b. 220 KV | MVA | 11441 | 19465 | 8024 |
| | c. 132 KV | MVA | 5474 | 6119 | 645 |
| 3. | TRANSMISSION LINES (CKT. KMS.) ERECTED | | | | |
| | a. 400 KV | Length | -- | 1350 | 1350 |
| | b. 220 KV | Length | 4591 | 6294 | 1703 |
| | c. 132 KV | Length | 3074 | 3197 | 123 |

ਇਸ ਤੋਂ ਇਲਾਵਾ ਪੀ.ਐਸ.ਟੀ.ਸੀ.ਐਲ. ਨੇ 30.11.2011 ਤੱਕ 38 ਨੰ. 66 ਕੇ.ਵੀ. ਗਰਿਡ ਸਬ-ਸਟੇਸ਼ਨ ਉਸਾਰੇ ਅਤੇ 1087 ckt. Kms 66 ਕੇ.ਵੀ. ਟਰਾਂਸਮਿਸ਼ਨ ਲਾਈਨਾਂ ਦੀ ਉਸਾਰੀ ਕੀਤੀ।



ਮਿਤੀ 21.9.13 ਨੂੰ ਮਾਨਯੋਗ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 220 ਕੇ.ਵੀ. ਸਬ-ਸਟੇਸ਼ਨ ਬੱਸੀ ਪਠਾਣਾ ਦਾ ਉਦਘਾਟਨ ਕੀਤਾ ਗਿਆ।




24ਵੀਂ TCC ਮੀਟਿੰਗ ਅਤੇ 27ਵੀਂ NRPC ਮੀਟਿੰਗ ਦਾ ਪ੍ਰਬੰਧ ਪੀ.ਐਸ.ਟੀ.ਸੀ.ਐਲ. ਵੱਲੋਂ 29 ਤੇ 30 ਨਵੰਬਰ 2012 ਨੂੰ ਅੰਮ੍ਰਿਤਸਰ ਵਿਖੇ ਕੀਤਾ ਗਿਆ।



ਸ੍ਰੀ ਪੀ. ਉਮਾਸ਼ੰਕਰ, ਆਈ.ਏ.ਐਸ., ਸਕੱਤਰ ਭਾਰਤ ਸਰਕਾਰ, ਬਿਜਲੀ ਮਨਿਸਟਰੀ, ਸ੍ਰੀ ਅਨਿਰੁਧ ਤਿਵਾੜੀ, ਆਈ.ਏ.ਐਸ., ਸਕੱਤਰ ਪੰਜਾਬ ਸਰਕਾਰ ਤੇ ਸਾਡੇ ਸੀ.ਐਮ.ਡੀ. ਨੇ 10.6.12 ਨੂੰ ਐਸ.ਐਲ.ਡੀ.ਸੀ. ਦਾ ਦੌਰਾ ਕੀਤਾ।

### Best Performing SLDC in NR




ਮਿਤੀ 3.8.13 ਨੂੰ ਇੰਜੀ. ਆਰ.ਕੇ. ਸ਼ਰਮਾ/ ਇੰਜੀ ਇਨ ਚੀਫ ਐਸ.ਐਲ.ਡੀ.ਸੀ./ਪੀ.ਐਸ.ਟੀ.ਸੀ.ਐਲ. ਪਟਿਆਲਾ, "Best Performing SLDC in NR" ਦਾ Runner up ਦਾ ਅਵਾਰਡ IPPAI (Independent Power Producer Association of India ) ਤੋਂ ਪ੍ਰਾਪਤ ਕਰਦੇ ਹੋਏ।

**ਪੀ.ਐਸ.ਟੀ.ਸੀ.ਐਲ. ਸਾਰੇ 635 ਨਵੀਂ ਭਰਤੀਆਂ ਦਾ ਸਵਾਗਤ ਕਰਦਾ ਹੈ।**

## ਆਈ. ਟੀ. ਦੇ ਉਪਰਾਲੇ:

- 132 ਕੇ.ਵੀ ਅਤੇ ਉਪਰੋਕਤ ਸੰਚਾਰ ਨੈੱਟਵਰਕ ਦੀ ਜੀ.ਆਈ.ਐਸ. ਮੈਪਿੰਗ
- ਈ ਟੈਂਡਰਿੰਗ
- ਈ-ਨਿਲਾਮੀ ਰਾਹੀਂ ਸਟੋਰਾਂ ਵਿੱਚ ਸਕਰੈਪ ਦੀ ਨਿਲਾਮੀ
- ਸਟੋਰਾਂ ਦਾ ਕੰਪਿਊਟਰੀਕਰਨ
- ਇੰਟਰਾ-ਸਟੇਟ ਦੇ ਸੀਮਾ ਦੀ ਮੀਟਰਿੰਗ
- ਆਨਲਾਈਨ ਫੰਡ ਦੀ ਮੰਗ ਅਤੇ ਇਸ ਦਾ ਤਬਾਦਲਾ

## ਈ ਆਰ ਪੀ

ਇਕ ਪ੍ਰਮੁੱਖ ਆਈ. ਟੀ. ਯਤਨ ਸਾਡੀ ਕਾਰਪੋਰੇਸ਼ਨ ਵਲੋ ਐਂਟਰਪ੍ਰਾਈਜ ਰਿਸੋਰਸ ਪਲਾਨਿੰਗ ਸਥਾਪਨ ਕਰਨ ਲਈ ਲਿਆ ਗਿਆ ਹੈ ਜੋ ਕਿ ਸਾਡੀ ਕਾਰਪੋਰੇਸ਼ਨ ਦੇ ਮਹੱਤਵਪੂਰਨ ਕੰਮ ਕਰਨ ਵਾਲੇ ਸਾਰੇ ਖੇਤਰਾਂ ਦਾ ਆਵਰਨ ਕਰਦਾ ਹੈ। ਜਦੋ ਈ.ਆਰ.ਪੀ. ਸਿਸਟਮ ਲਾਗੂ ਹੋਵੇਗਾ, ਇਹ ਸਾਡੀ ਸੰਸਥਾ ਦੇ ਵੱਖ-ਵੱਖ ਕਾਰਜਾਂ ਨੂੰ ਜੋੜੇਗਾ ਅਤੇ ਕਾਰੋਬਾਰੀ ਅਮਲਾਂ ਨੂੰ ਮੁੜ ਸਥਾਪਿਤ ਕਰਨ ਵਿੱਚ ਵੀ ਸਹਾਈ ਹੋਵੇਗਾ, ਇਸਦੇ ਨਾਲ ਹੀ ਇਹ ਸੰਗਠਨ ਵਿੱਚ ਪਾਰਦਰਸ਼ਤਾ ਲਿਆਉਣ ਵਿੱਚ ਮਦਦ ਕਰਨ ਤੋਂ ਇਲਾਵਾ ਵਪਾਰ ਦੇ ਕਾਰਜ ਦੇ ਸੰਚਾਲਣ ਲਈ ਇਕ 'ਸੰਗਠਿਤ ਜਾਣਕਾਰੀ ਸਿਸਟਮ' ਨਾਲ ਸਾਡੀ ਸੰਸਥਾ ਨੂੰ ਜੋੜੇਗਾ। ਐਮ ਡੀ ਆਈ, ਗੁੜਗਾਉਂ ਨੂੰ ਈ.ਆਰ.ਪੀ. ਲਾਗੂ ਕਰਨ ਲਈ ਸਲਾਹਕਾਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਹੈ। ਨੁਮਾਇੰਦਗੀ ਲਈ ਏਪੈਕਸ ਕਮੇਟੀ ਤੇ ਕੋਰ ਕਮੇਟੀ ਨੂੰ ਵੱਖ-ਵੱਖ ਅਨੁਸ਼ਾਸ਼ਨਾਂ ਲਈ ਗਠਨ ਕੀਤਾ ਗਿਆ ਹੈ। ਆਈ. ਟੀ. ਵਿਭਾਗ ਈ.ਆਰ.ਪੀ. ਸਮੇਂ ਸਿਰ ਤੇ ਤੇਜ਼ੀ ਨਾਲ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕ ਰਿਹਾ ਹੈ। ਸਾਡੇ ਕਰਮਚਾਰੀਆਂ ਦੀ ਪੂਰੀ ਵਚਨਬੱਧਤਾ ਨਾਲ, ਇਹ ਪ੍ਰੋਜੈਕਟ ਸਫਲਤਾ ਪੂਰਵਕ ਸਫਲ ਹੋ ਜਾਵੇਗਾ ਜੋ ਕਿ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ।

## ਨਵੀਂ ਨਿਯੁਕਤੀ:



ਸ੍ਰੀ ਨੀਰਜ ਹਿਤ ਅਭਿਲਾਸ਼ੀ ਤਾਇਲ ਨੇ 15 ਜਨਵਰੀ, 2014 ਨੂੰ ਡਾਇਰੈਕਟਰ/ ਪ੍ਰਬੰਧਕੀ ਦਾ ਅਹੁਦਾ ਸੰਭਾਲਿਆ। ਪੀ.ਐਸ.ਟੀ.ਸੀ.ਐਲ. ਦੀ ਮੈਨੇਜਮੈਂਟ ਨੇ ਉਹਨਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ।



## ਆਜ਼ਾਦੀ ਦਿਵਸ ਮਨਾਇਆ


*15th Aug. 2013*

ਆਜ਼ਾਦੀ ਦਿਵਸ 15 ਅਗਸਤ 2013 ਪੀ.ਐਸ.ਟੀ.ਸੀ.ਐਲ. ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਡਾਇਰੈਕਟਰ/ ਵਿੱਤ ਤੇ ਵਣਜ ਸ੍ਰੀ ਯੂ.ਕੇ. ਪੰਡਾ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਆਪਣੇ ਭਾਸ਼ਣ ਦੌਰਾਨ ਉਹਨਾਂ ਨੇ ਕਰਮਚਾਰੀਆਂ ਦੀ ਸੁਝਾਓ ਸਕੀਮ ਲਾਗੂ ਕਰਨ ਲਈ, ਬਹੁਤ ਚੰਗੇ ਗਰਿਡ ਸ/ਸ ਦੀ ਸੰਭਾਲ ਦਾ ਅਵਾਰਡ, ਬਹੁਤ ਚੰਗੀ ਟਰਾਂਸਮਿਸ਼ਨ ਲਾਈਨ ਦਾ ਅਵਾਰਡ ਅਤੇ ਪੀ.ਐਸ.ਟੀ.ਸੀ.ਐਲ. ਦਾ ਤਿਮਾਹੀ ਖਬਰ ਰਸਾਲਾ ਆਦਿ ਜਾਰੀ ਕਰਨ ਸਬੰਧੀ ਆਪਣੇ ਬਹੁਮੁੱਲੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਤੇ ਸਭਿਆਚਾਰਕ ਪ੍ਰੋਗਰਾਮ ਦਾ ਵੀ ਪ੍ਰਬੰਧ ਕੀਤਾ ਗਿਆ।

# RETIREMENTS

ਪੀ.ਐਸ.ਟੀ.ਸੀ.ਐਲ. ਸਾਰੇ ਸੇਵਾ ਨਿਵਿਰਤ ਅਧਿਕਾਰੀ/ਕਰਮਚਾਰੀਆਂ ਨੂੰ ਸ਼ੁਭ ਕਾਮਨਾਵਾਂ ਅਤੇ ਚੰਗੀ ਸਿਹਤ ਲਈ ਸ਼ੁਭ ਇਛਾਵਾਂ ਦਿੰਦਾ ਹੈ।

ਸ੍ਰੀ ਕ੍ਰਿਸ਼ਨ ਲਾਲ ਢੱਲ ਨੇ ਮਿਤੀ 17 ਅਗੱਸਤ 2012 ਨੂੰ ਡਾਇਰੈਕਟਰ/ਪ੍ਰਬੰਧਕੀ ਦਾ ਕਾਰਜਕਾਲ ਪੂਰਾ ਕੀਤਾ।





7 ਨਵੰਬਰ 2013 ਨੂੰ ਪੀ.ਐਸ.ਟੀ.ਸੀ.ਐਲ. ਦੇ ਆਫਿਸਰ ਕਲੱਬ ਵਿਚ ਮਾਨਯੋਗ ਡਾਇਰੈਕਟਰ/ਟੈਕਨੀਕਲ ਇੰਜੀ: ਰਵਿੰਦਰ ਸਿੰਘ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਪੀ.ਐਸ.ਟੀ.ਸੀ.ਐਲ. ਦੇ ਸੀ.ਐਮ.ਡੀ. ਸ੍ਰੀ ਅਨੁਰਾਗ ਅਗਰਵਾਲ ਆਈ.ਏ.ਐਸ. ਨੇ ਇਸ ਮੌਕੇ ਤੇ ਇੰਜੀ: ਰਵਿੰਦਰ ਸਿੰਘ ਨੂੰ ਸਨਮਾਨ ਚਿੰਨ ਭੇਂਟ ਕੀਤਾ। ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਇੰਜੀ: ਕੇ.ਡੀ. ਚੋਧਰੀ ਵੀ ਇਸ ਮੌਕੇ ਤੇ ਮੌਜੂਦ ਸਨ।

**ਪੀ.ਐਸ.ਟੀ.ਸੀ.ਐਲ. ਤੋ ਸੇਵਾ ਨਿਵਿਰਤ ਹੋਏ ਸੀਨੀਅਰ ਅਧਿਕਾਰੀ :**

- ਇੰਜੀ: ਐਸ.ਕੇ. ਜਿੰਦਲ, ਪ੍ਰਮੁੱਖ ਇੰਜੀ/ ਸ/ਸ ਦੇ ਅਹੁਦੇ ਤੋਂ 30.6. 2011 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਵੀ. ਕੇ.ਗੁਪਤਾ, ਪ੍ਰਮੁੱਖ ਇੰਜੀ/ ਟੀ. ਐਸ ਦੇ ਅਹੁਦੇ ਤੋਂ 29.2.2012 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਏ.ਕੇ. ਮਠਾਰੂ, ਮੁੱਖ ਇੰਜੀ/ ਟੀ. ਐਸ ਦੇ ਅਹੁਦੇ ਤੋਂ 30.9. 2012 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਮਦਨ ਗੋਪਾਲ ਸਿੰਗਲਾ, ਉਪ ਮੁੱਖ ਇੰਜੀ/ ਐਸ.ਐਲ.ਡੀ.ਸੀ. ਦੇ ਅਹੁਦੇ ਤੋਂ 31.12.2012 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਸੀ.ਐਸ. ਮਾਨ, ਪ੍ਰਮੁੱਖ ਇੰਜੀ/ ਪੀ ਅਤੇ ਐਮ ਦੇ ਅਹੁਦੇ ਤੋਂ 31.3.2013 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਬਲਜੀਤ ਸਿੰਘ, ਉਪ ਮੁੱਖ ਇੰਜੀ / ਆਈ.ਟੀ ਦੇ ਅਹੁਦੇ ਤੋਂ 31.10.2013 ਨੂੰ ਸੇਵਾ ਨਿਵਿਰਤ ਹੋਏ।
- ਇੰਜੀ: ਗੁਰਬਚਨ ਲਾਲ ਅਰੋੜਾ, ਉਪ ਮੁੱਖ ਇੰਜੀ/ ਸਿਵਲ ਦੇ ਅਹੁਦੇ ਤੋਂ 31.12.2013 ਨੂੰ ਸੇਵਾ ਨਿਵਿਰਤ ਹੋਏ।

ਪੀ.ਐਸ.ਟੀ.ਸੀ.ਐਲ. ਸੇਵਾ ਨਿਵਿਰਤ ਹੋਏ ਅਧਿਕਾਰੀਆਂ ਦੇ ਕਾਰਜਕਾਲ ਦੌਰਾਨ ਕੀਤੇ ਯੋਗਦਾਨ ਦੀ ਸਰਾਹਨਾ ਕਰਦਾ ਹੈ।

*In the end, it's not the years in your life that count, it's the life in your years*

*- Abraham Lincoln*

ਬੁੱਧੀਮਤਾ ਨਾਲ ਬਿਜਲੀ ਦਾ ਉਪਯੋਗ ਕਰੋ

# ਨਵੇਂ ਭਰਤੀ ਕੀਤੇ ਗਏ ਸਹਾਇਕ ਇੰਜੀਨੀਅਰਾਂ ਨੂੰ ਇਕ ਹਫਤੇ ਦੀ NITTTR, ਚੰਡੀਗੜ੍ਹ ਵਿਖੇ ਟਰੇਨਿੰਗ






ਨਵੇਂ ਭਰਤੀ ਕੀਤੇ ਗਏ ਸਹਾਇਕ ਇੰਜੀਨੀਅਰਾਂ ਨੂੰ ਤਕਨੀਕੀ ਤੇ ਪ੍ਰਬੰਧਕੀ ਪੱਖ ਦਸੱਣ ਲਈ ਇਕ ਹਫਤੇ ਦਾ ਪ੍ਰੋਗਰਾਮ NITTTR, ਚੰਡੀਗੜ੍ਹ ਵਿਖੇ ਦੋ ਬੈਚਾਂ ਵਿਚ ਮਿਤੀ 23.9.13 ਤੋ 28.9.13 ਅਤੇ 7.10.13 ਤੋ 11.10.13 ਤੱਕ ਕੀਤਾ ਗਿਆ। ਮਿਤੀ 23.9.13 ਨੂੰ ਟਰੇਨਿੰਗ ਪ੍ਰੋਗਰਾਮ ਦੇ ਉਦਘਾਟਨ ਵਾਲੇ ਦਿਨ ਪੀ.ਐਸ.ਟੀ.ਸੀ.ਐਲ. ਦੀ ਮੈਨੇਜਮੈਂਟ ਵਲੋ ਨਵੇਂ ਭਰਤੀ ਕੀਤੇ ਸਹਾਇਕ ਇੰਜੀਨੀਅਰਾਂ ਦਾ ਸੁਆਗਤ ਕੀਤਾ ਗਿਆ।

**AIPM Kolkata ਵੱਲੋਂ 'Power System Protection' ਤੇ 18-22 ਨਵੰਬਰ, 2013 ਤੱਕ ਪ੍ਰੋਗਰਾਮ ਕੀਤਾ ਗਿਆ।**



## ਕਰਮਚਾਰੀਆਂ ਦੀਆਂ ਪ੍ਰਾਪਤੀਆਂ

ਹੇਠ ਲਿਖੇ 400 ਕੇ.ਵੀ ਸ/ਸ ਭਲਵਾਨ (ਧੂਰੀ) ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਾਬਕਾ ਡਾਇਰੈਕਟਰ / ਟੈਕਨੀਕਲ ਪੀ.ਐਸ.ਟੀ.ਸੀ.ਐਲ. ਪਟਿਆਲਾ ਵਲੋ ਪ੍ਰਸ਼ੰਸਾ ਪੱਤਰ ਦਿੱਤਾ ਗਿਆ।

- ਇੰਜੀ: ਪ੍ਰਵੀਨ ਕੁਮਾਰ ਬਾਂਸਲ (ਵਧੀਕ ਨਿਗਰਾਨ ਇੰਜੀ)
- ਇੰਜੀ: ਅਮਨਦੀਪ ਸਿੰਘ (ਸ/ਸ ਇੰਜੀ:)
- ਇੰਜੀ: ਕੁਨਾਲ ਗਰਗ (ਜੇ.ਈ.)

**ਮਿਤੀ 22-25 ਅਕਤੂਬਰ 2013 ਨੂੰ CIRE, Hyderabad ਵਿਖੇ "Gas Insulated & Indoor Sub-Station including Power & Control Cables" ਦੀ ਟਰੇਨਿੰਗ**



## ਪਰਿਵਾਰਿਕ ਮੈਂਬਰਾਂ ਦੀਆਂ ਪ੍ਰਾਪਤੀਆਂ



ਨਵੰਬਰ 2013 ਵਿਚ ਅਰਵੀਨ ਕੌਰ ਪੁਤਰੀ ਸ੍ਰੀ ਸੁਰਿੰਦਰਪਾਲ ਸਿੰਘ ਨੂੰ ਮਨੀਪਾਲ ਯੂਨੀਵਰਸਿਟੀ ਵੱਲੋਂ ਫਾਰਮੇਸੀ ਵਿਚ ਪੀ ਐਚ. ਡੀ. ਅਵਾਰਡ ਕੀਤੀ ਗਈ। ਇਸ ਪ੍ਰਾਪਤੀ ਦੀਆਂ ਵਧਾਈਆਂ।

## ਝਲਕੀਆਂ



ਚੈਲ ਵਿਖੇ ਭਵਿੱਖ ਵਿੱਚ ਆਉਣ ਵਾਲੀਆਂ ਚੁਨੋਤੀਆਂ ਸਬੰਧੀ ਵਰਕਸ਼ਾਪ ਕੀਤੀ ਗਈ 13-15 ਮਈ, 2011



Kikar Lodge ਵਿਖੇ ਆਉਣ ਵਾਲੀਆਂ ਚੁਣੋਤੀਆ ਸਬੰਧੀ ਵਰਕਸ਼ਾਪ 19-22, ਸਤੰਬਰ 2013








ਕਸੋਲੀ ਵਿਖੇ Accomplishment Odyssey Cum CSR ਲਈ ਵਰਕਸ਼ਾਪ 31 ਮਈ ਤੇ 2 ਜੂਨ 2012

ਬਿਜਲੀ ਬਚਾਓ, ਪਾਵਰ ਕੱਟ ਤੋਂ ਰਾਹਤ ਪਾਓ

ਚੀਫ਼ ਐਡੀਟਰ : ਚੀਫ਼ ਇੰਜੀਨੀਅਰ/ਐਚ.ਆਰ., ਪਲਾਨਿੰਗ ਅਤੇ ਆਈ.ਟੀ.